ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿੱ) ਪੰਜਾਬ

(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਈ-ਬਲਾਕ, ਐਸ.ਏ.ਐਸ ਨਗਰ)

## ਜਨਤਕ ਸੂਚਨਾ

ਮੀਮੋ ਨੰ: ਟ੍ਰਾਂਸਫਰਸੈਲ/2022/333159/22 ਮਿਤੀ:18/10/2022

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ. 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy- 2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ-ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ ਦੇ ਮੀਮੋ ਨੰ SSA/HR/TRANSFER/ 2020/118750 ਮਿਤੀ 22-05-2020 ਰਾਹੀਂ Education Providers, EGS/AIE/STR Volunteers ਲਈ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ। ਜੋ ਸੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਸਨ, ਉਹ Education Providers, EGS/AIE/STR Volunteers ਲਈ ਵੀ ਲਾਗੂ ਹੋਣਗੀਆਂ।

3.0 ਇਸ ਦਫਤਰ ਦੇ ਮੀਮੋ ਨੰ Transfer Cell/2022/322388/21 ਮਿਤੀ 09.10.2022 ਰਾਹੀਂ ਜਾਰੀ ਜਨਤਕ ਸੂਚਨਾ ਰਾਹੀਂ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ ਅਤੇ Education Providers, EGS/AIE/STR Volunteers ਜੋ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ, ਉਹਨਾਂ ਤੋਂ ਬਦਲੀ ਲਈ ਆਨਲਾਈਨ ਬੇਨਤੀਆਂ ਮਿਤੀ 10-10-2022 ਤੋਂ 13-10-2022 ਤੱਕ ਮੰਗੀਆਂ ਗਈਆਂ ਸਨ।ਦਰਖਾਸਤਕਰਤਾਵਾਂ ਵਲੋਂ epunjabschoolportal ਤੇ ਆਪਣੇ ਵੇਰਵੇ ਜਿਵੇਂ ਕਿ General Details, Results, Service Record ਭਰੇ ਗਏ ਹਨ।

4.0 ਦਰਖਾਸਤਕਰਤਾਵਾਂ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਸੀ ਉਸ ਦੀ ਤਸਦੀਕ ਡੀ.ਡੀ.ਓ ਵਲੋਂ ਮਿਤੀ 14.10.2022 ਤੋਂ 16.10.2022 ਤੱਕ ਕੀਤੀ ਗਈ ਹੈ।

5.0 ਜਿੰਨਾਂ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ ਅਤੇ Education Providers, EGS/AIE/STR Volunteers ਦਾ ਡਾਟਾ ਡੀ.ਡੀ.ਓ ਵਲੋਂ ਵੈਰੀਫਾਈ ਨਹੀਂ ਹੋ ਸਕਿਆ ਜਾਂ ਅਧਿਆਪਕਾਂ ਦਾ ਸਰਵਿਸ ਰਿਕਾਰਡ ਮਿਸਮੈਚ ਹੈ ਤਾਂ ਸਬੰਧਤ ਡੀ.ਡੀ.ਓ ਮਿਤੀ 18.10.2022 ਤੋਂ 19.10.2022 ਤੱਕ ਅਧਿਆਪਕਾਂ ਦਾ ਡਾਟਾ ਵੈਰੀਫਾਈ/ਸੋਧ ਕਰਕੇ ਅਪਰੂਵ ਕਰ ਸਕਦੇ ਹਨ।ਇਸ ਤੋਂ ਇਲਾਵਾ ਜਿੰਨਾਂ ਅਧਿਆਪਕਾਂ/ਕਰਮਚਾਰੀਆਂ ਵਲੋਂ ਬਦਲੀ ਲਈ ਅਪਲਾਈ ਕੀਤਾ ਗਿਆ ਹੈ ਤੇ ਉਹਨਾਂ ਵਲੋਂ ਭਰਿਆ ਗਿਆ ਸਰਵਿਸ ਰਿਕਾਰਡ ਮਿਸਮੈਚ ਹੈ ਤਾਂ ਇਸ ਸਬੰਧੀ ਵਿਭਾਗ ਵਲੋਂ ਉਹਨਾਂ ਅਧਿਆਪਕਾਂ ਦੇ ਈ-ਪੰਜਾਬ ਆਈ.ਡੀ ਤੇ ਸਰਵਿਸ ਮਿਸਮੈਚ ਦੀ ਤਰੁੱਟੀ ਦੱਸਿਆ ਗਿਆ ਹੈ।ਸਬੰਧਤ ਅਧਿਆਪਕ ਮਿਸਮੈਚ ਸਰਵਿਸ ਰਿਕਾਰਡ ਦੀ ਤਰੁੱਟੀ ਡੀ.ਡੀ.ਓ ਨਾਲ ਸੰਪਰਕ ਕਰਕੇ ਮਿਤੀ 18.10.2022 ਤੋਂ 19.10.2022 ਤੱਕ ਦਰੁੱਸਤ ਕਰਵਾ ਸਕਦੇ ਹਨ। ਇਸ ਉਪਰੰਤ ਵਿਭਾਗ ਵਲੋਂ ਸਰਵਿਸ ਮਿਸਮੈਚ ਦੀ ਦਰੁੱਸਤੀ ਜਾਂ ਅਪਰੂਵ ਸਬੰਧੀ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ(ਐਸਿ), ਪੰਜਾਬ